ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਸੀਂ ਹੁਣ ਪੁਜਾਰੀ ਤੋਂ ਪੂਜੀਏ, ਬੇਗਰ ਤੋਂ ਪ੍ਰਿੰਸ ਬਣ ਰਹੇ ਹੋ, ਇਸਲਈ ਤੁਹਾਨੂੰ ਖੁਸ਼ੀ ਵਿਚ ਖਗੀਆਂ ਮਾਰਨੀਆਂ ਹਨ, ਕਦੇ ਵੀ ਰੋਣਾ ਨਹੀਂ ਹੈ"

ਪ੍ਰਸ਼ਨ:- ਅਵਿਨਾਸ਼ੀ ਗਿਆਨ ਰਤਨਾ ਦੀ ਬਾਰਿਸ਼ ਨਾਲ ਭਾਰਤ ਨੂੰ ਸਾਹੂਕਾਰ ਬਨਾਉਣ ਦੇ ਲਈ ਬਾਪ ਤੁਹਾਨੂੰ ਕਿਹੜੀ ਗੱਲ ਵਿੱਚ ਆਪਣੇ ਵਰਗਾ ਬਣਾਉਂਦੇ ਹਨ?

ਉੱਤਰ:- ਬਾਬਾ ਕਹਿੰਦੇ ਬੱਚੇ ਜਿਵੇਂ ਮੈਂ ਰੂਪ ਬਸੰਤ ਹਾਂ, ਇਵੇਂ ਤੁਹਾਨੂੰ ਵੀ ਰੂਪ ਬਸੰਤ ਬਣਾਉਂਦਾ ਹਾਂ। ਜੋ ਅਵਿਨਾਸ਼ੀ ਗਿਆਨ ਰਤਨ ਤੁਹਾਨੂੰ ਮਿਲੇ ਹਨ ਉਨ੍ਹਾਂ ਨੂੰ ਧਾਰਨ ਕਰ ਮੂੰਹ ਨਾਲ ਦਾਨ ਕਰੋ। ਇਸੇ ਮਹਾਦਾਨ ਨਾਲ ਭਾਰਤ ਮਹਾਨ ਬਣੇਗਾ। ਜਿਵੇਂ ਤੁਸੀਂ ਬੱਚੇ ਬਾਪ ਤੋਂ ਵਰਸਾ ਲੈ ਰਹੇ ਹੋ ਇਵੇਂ ਦੂਜਿਆਂ ਨੂੰ ਵੀ ਦੇਵੋ। ਤੁਹਾਡਾ ਫ਼ਰਜ਼ ਹੈ ਸਭ ਨੂੰ ਰਾਹ ਦੱਸਣਾ, ਸੁਖਦਾਈ ਬਣਨਾ।

ਗੀਤ:- ਇਨਸਾਫ਼ ਕੀ ਡਗਰ ਪਰ...

ਓਮ ਸ਼ਾਂਤੀ। ਇਹ ਗੀਤ ਕਾਂਗ੍ਰੇਸ ਨਾਲ ਵੀ ਲਗਦਾ ਹੈ ਅਤੇ ਤੁਸੀਂ ਬੱਚਿਆਂ ਨਾਲ ਵੀ ਲਗਦਾ ਹੈ ਕਿਉਂਕਿ ਉਨ੍ਹਾਂ ਨੇ ਵੀ ਤਾਂ ਸਹਿਣ ਕਰਕੇ ਅੰਗਰੇਜਾਂ ਤੋਂ ਭਾਰਤ ਨੂੰ ਛੁਡਾਇਆ। ਤਾਂ ਇਹ ਗੀਤ ਉਨ੍ਹਾਂ ਦੀ ਖੁਸ਼ੀ ਵਿੱਚ ਹੈ। ਖੁਸ਼ੀਆਂ ਤੇ ਮਨਾਉਂਦੇ ਰਹਿੰਦੇ ਹਨ, ਭਾਵੇਂ ਕਿੰਨਾਂ ਵੀ ਕੀਤਾ ਪਰ ਪੁਰਾਣੀ ਦੁਨੀਆ ਤੇ ਨਹੀਂ ਬਦਲੀ ਨਾ। ਦੁਨੀਆ ਤੇ ਉਹ ਹੀ ਪੁਰਾਣੀ ਹੈ। ਤੁਸੀਂ ਬੱਚੇ ਜਾਣਦੇ ਹੋ ਸ੍ਰੀਮਤ ਤੇ ਅਸੀ ਇਸ ਦੁਨੀਆ ਨੂੰ ਬਦਲਦੇ ਹਾਂ। ਉਹ ਸ਼੍ਰੀਮਤ ਨਹੀਂ ਕਹਾਂਗੇ। ਸ਼੍ਰੀਮਤ ਹੈ ਹੀ ਇੱਕ ਭਗਵਾਨ ਦੀ। ਤੁਸੀਂ ਹੋ ਹੁਣ ਬਾਪ ਦੀ ਸ਼੍ਰੇਸ਼ਠ ਤੇ ਸ੍ਰੇਸ਼ਠ ਸ਼੍ਰੀਮਤ ਤੇ। ਉਨ੍ਹਾਂ ਨੇ ਫਿਰ ਸ਼੍ਰੀਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ। ਹੁਣ ਤੁਸੀਂ ਬੱਚੇ ਜਾਣਦੇ ਹੋ ਕਿ ਇਹ ਹੈ ਸ਼੍ਰੀ ਸ਼ਿਵਬਾਬਾ ਦੀ ਮਤ। ਕ੍ਰਿਸ਼ਨ ਨੂੰ ਬਾਬਾ ਕਹਿਣਾ ਸ਼ੋਭਦਾ ਨਹੀਂ। ਸ਼੍ਰੀ ਸ਼ਿਵਬਾਬਾ ਦੀ ਮਤ। ਸ਼੍ਰੀ ਕ੍ਰਿਸ਼ਨ ਬਾਬਾ ਦੀ ਮਤ ਤੇ ਨਹੀਂ ਕਹਾਂਗੇ। ਤੁਸੀਂ ਇਸ ਭਾਰਤ ਨੂੰ ਫਿਰ ਤੋਂ ਪਵਿੱਤ੍ਰ ਬਣਾ ਰਹੇ ਹੋ। ਭਾਰਤ ਖੰਡ ਹੀ ਮੁੱਖ ਹੈ ਕਿਉਂਕਿ ਇਹ ਬੇਹੱਦ ਦੇ ਬਾਪ ਦਾ ਬਰਥ ਪ੍ਲੇਸ ਹੈ। ਸਾਰੀ ਦੁਨੀਆ ਦੇ ਮਨੁੱਖ ਮਾਤਰ ਦਾ ਜੋ ਬਾਪ ਹੈ ਮਤਲਬ ਸਭ ਦਾ ਸਦਗਤੀ ਦਾਤਾ ਹੈ, ਉਨ੍ਹਾਂ ਦਾ ਇਹ ਬਰ੍ਥ ਪ੍ਲੇਸ ਹੈ। ਇਸਨੂੰ ਸਰਵੋਤਮ ਤੀਰਥ ਕਿਹਾ ਜਾਂਦਾ ਹੈ, ਇਸ ਵਰਗਾ ਉੱਚ ਤੇ ਉੱਚ ਤੀਰਥ ਕੋਈ ਹੈ ਨਹੀਂ। ਪ੍ਰੰਤੂ ਗੀਤਾ ਵਿਚ ਨਾਮ ਬਦਲ ਦਿੱਤਾ ਹੈ। ਇਹ ਭਾਰਤਵਾਸੀ ਖੁਦ ਨਹੀਂ ਜਾਣਦੇ ਕਿ ਇਹ ਬੇਹੱਦ ਦੇ ਬਾਪ ਦਾ ਬਰਥ ਪ੍ਲੇਸ ਹੈ। ਭਾਵੇਂ ਸ਼ਿਵਰਾਤ੍ਰੀ ਮਨਾਉਂਦੇ ਹਨ ਪਰ ਇਹ ਪਤਾ ਨਹੀਂ ਹੈ ਕਿ ਸ਼ਿਵ ਕੌਣ ਹੈ? ਕਦੋਂ ਆਇਆ? ਉਨ੍ਹਾਂ ਦਾ ਨਾਮ - ਰੂਪ ਕੀ ਹੈ? ਤੁਸੀਂ ਹੁਣ ਜਾਗ ਗਏ ਹੋ। ਹੁਣ ਸ਼ਿਵਲਿੰਗ ਦੇ ਚਿੱਤਰ ਵਿੱਚ ਸਫੇਦ ਸਟਾਰ ਵਿਖਾਉਂਦੇ ਹਨ, ਜੋ ਮਨੁੱਖ ਕਲੀਅਰ ਸਮਝਣ ਕਿ ਪਰਮਾਤਮਾ ਦਾ ਇਹ ਰੂਪ ਹੈ। ਪ੍ਰੰਤੂ ਪੂਜਾ ਆਦਿ ਕਿਵੇਂ ਕੀਤੀ ਜਾਵੇ - ਇਸਲਈ ਵੱਡਾ ਰੂਪ ਬਣਾਇਆ ਹੈ। ਹੈ ਅਸਲ ਵਿਚ ਸਟਾਰ। ਬਾਬਾ ਜੌਹਰੀ ਵੀ ਹਨ। ਬਾਬਾ ਨੂੰ ਪਤਾ ਹੈ ਕਿ ਇੱਕ ਪੱਥਰ ਹੁੰਦਾ ਹੈ ਜਿਸ ਨੂੰ ਸਟਾਰ, ਰੂਬੀ, ਸਟਾਰ ਫਾਈਨ ਮਾਣਕ, ਸਟਾਰ ਨੀਲਮ ਆਦਿ ਕਹਿੰਦੇ ਹਨ। ਉਹ ਮੋਸਟ ਵੇਲਯੂਏਬਲ ਹੁੰਦਾ ਹੈ। ਅਖ਼ਬਾਰ ਵਿਚ ਵੀ ਪਿਆ ਸੀ ਕਿ ਸਭ ਤੋਂ ਵੱਡਾ ਸਟਾਰ ਖਜਾਨੇ ਵਿਚੋਂ ਚੋਰੀ ਹੋ ਗਿਆ ਹੈ। ਤਾਂ ਇਹ ਸ਼ਿਵਲਿੰਗ ਲਾਲ ਤਾਂ ਹੈ, ਇਸ ਦੇ ਵਿੱਚ ਹੈ ਸਫੇਦ ਸਟਾਰ, ਸਟਾਰ ਲਾਈਟ। ਸਮਝਾਉਣ ਵਿੱਚ ਬਹੁਤ ਸਹਿਜ ਹੋਵੇਗਾ। ਸਟਾਰ ਸਫੇਦ ਹੁੰਦਾ ਹੈ ਨਾ। ਆਤਮਾ ਦਾ ਵੀ ਸਫੇਦ ਹੀ ਸਾਖਸ਼ਤਕਾਰ ਹੁੰਦਾ ਹੈ। ਚੀਜ ਤੇ ਉਹ ਹੀ ਹੈ। ਸਿਰਫ ਸਟਾਰ ਲਗਾਉਣਾ ਹੈ। ਹੋਰ ਕੁਝ ਲਿਖਣ ਦੀ ਲੋੜ ਨਹੀਂ ਰਹੇਗੀ। ਸਮਝਾਉਣਾ ਬਹੁਤ ਸਹਿਜ ਹੋਵੇਗਾ। ਹੇਠਾਂ ਇਹ ਲਿਖਤ ਤੇ ਹੈ ਹੀ - ਤੁਹਾਡਾ ਜਨਮ ਸਿੱਧ ਅਧਿਕਾਰ ਸਵਰਗ ਦੀ ਰਾਜਾਈ ਕਿਉਂਕਿ ਹੇਵਨਲੀ ਗੋਡ ਫਾਦਰ ਹਨ। ਤਾਂ ਸਟਾਰ ਲਾਈਟ ਪਾਉਣਾ ਹੈ। ਹੁਣ ਬਾਬਾ ਡਾਇਰੈਕਸ਼ਨ ਦੇ ਰਹੇ ਹਨ। ਝੱਟ ਕੰਮ ਕਰ ਲੈਣਾ ਚਾਹੀਦਾ ਹੈ। ਅਜਿਹੇ ਪੱਥਰ ਵੀ ਹੁੰਦੇ ਹਨ ਜਿਸ ਵਿਚ ਸਟਾਰ ਬੜਾ ਫਸਟਕਲਾਸ ਵਿਖਾਈ ਦੇਵੇ। ਇੱਥੇ ਉਨ੍ਹਾਂ ਦੀ ਬਹੁਤ ਵੇਲਯੂ ਹੈ। ਫਿਰ ਸਤਿਯੁਗ ਵਿੱਚ ਤਾਂ ਇਨ੍ਹਾਂ ਚੀਜਾਂ ਦੀ ਵੇਲਯੂ ਹੁੰਦੀ ਨਹੀ। ਇਥੇ ਜਵਾਹਰਾਤ ਤੇ ਪੱਥਰ ਗਿਣੇ ਜਾਂਦੇ ਹਨ, ਮਹਿਲਾਂ ਵਿੱਚ ਲਗਾਉਂਦੇ ਰਹਿੰਦੇ ਹਨ। ਇਹ ਦੁਨੀਆ ਹੁਣ ਬਦਲ ਰਹੀ ਹੈ ਤੁਸੀਂ ਬੱਚੇ ਜਾਣਦੇ ਹੋ ਅਸੀਂ ਸਵਰਗ ਦਾ ਮਾਲਿਕ ਬਣਨ ਦੇ ਲਈ ਬਾਪ ਤੋਂ ਵਰਸਾ ਲੈ ਰਹੇ ਹਾਂ, ਪੜ੍ਹ ਰਹੇ ਹਾਂ। ਜਿੰਨਾਂ ਜੋ ਪੜ੍ਹੇਗਾ ਉਤਨਾ ਉੱਚ ਪਦਵੀ ਪਾਵੇਗਾ। ਪੜ੍ਹਨਾ ਅਤੇ ਫਿਰ ਪੜ੍ਹਾਉਣਾ ਵੀ ਹੈ, ਮਤਲਬ ਆਪਣੇ ਵਰਗਾ ਬਣਾਉਣਾ ਹੈ ਤਾਂ ਹੀ ਉੱਚ ਪਦਵੀ ਪਾ ਸਕੋਗੇ। ਬੱਚੇ ਸਮਝਦੇ ਹਨ ਅਸੀਂ ਬ੍ਰਾਹਮਣ ਹਾਂ, ਸਾਨੂੰ ਸੱਚੀ ਯਾਤਰਾ ਸਿਖਾਉਣੀ ਹੈ। ਹਰ ਇੱਕ ਨੂੰ ਬਾਪ ਦਾ ਪਰਿਚੈ ਦੇਣਾ ਹੈ। ਕੋਈ ਵੀ ਮਨੁੱਖ ਮਾਤਰ ਬਾਪ ਨੂੰ ਨਹੀਂ ਜਾਣਦੇ। ਬਾਪ ਤੇ ਇੱਕ ਹੀ ਹੈ। ਬਾਕੀ ਸਭ ਨੂੰ ਆਪਣਾ - ਆਪਣਾ ਪਾਰਟ ਮਿਲਿਆ ਹੋਇਆ ਹੈ। ਇੱਕ ਆਤਮਾ ਦਾ ਪਾਰਟ ਨਾ ਮਿਲੇ ਦੂਜੇ ਨਾਲ। ਆਤਮਾ ਤੇ ਅਵਿਨਾਸ਼ੀ ਹੈ, ਉਨ੍ਹਾਂ ਦੇ ਰੂਪ ਵਿਚ ਕੋਈ ਫ਼ਰਕ ਨਹੀਂ ਹੋ ਸਕਦਾ। ਸ਼ਰੀਰਾਂ ਵਿਚ ਫਰਕ ਹੈ ਅਤੇ ਹਰ ਇੱਕ ਆਤਮਾ ਦੇ ਪਾਰਟ ਦਾ ਫ਼ਰਕ ਹੈ। ਹਰ ਇੱਕ ਆਤਮਾ ਨੂੰ ਸਟਾਰ ਲਾਈਟ ਹੈ, ਉਸ ਵਿੱਚ ਅਵਿਨਾਸ਼ੀ ਪਾਰਟ ਭਰਿਆ ਹੋਇਆ ਹੈ। ਇੰਪਰੇਇਸਬੁਲ ਪਾਰਟ ਹੈ। ਇਹ ਗੱਲਾਂ ਵੀ ਤੁਸੀਂ ਹੀ ਜਾਣਦੇ ਹੋ, ਨੰਬਰਵਾਰ ਪੁਰਸ਼ਾਰਥ ਅਨੁਸਾਰ। ਜਿਵੇਂ ਆਤਮਾ ਹੈ, ਗਾਉਂਦੇ ਵੀ ਹਨ ਚਮਕਦਾ ਹੈ ਭ੍ਰਿਕੁਟੀ ਦੇ ਵਿੱਚ ਅਜਬ ਸਿਤਾਰਾ। ਅਜਬ ਹੈ ਨਾ। ਕਿੰਨਾਂ ਛੋਟਾ ਜਿਹਾ ਸਟਾਰ, ਉਸ ਵਿੱਚ 84 ਜਨਮ ਦਾ ਪਾਰਟ ਭਰਿਆ ਹੋਇਆ ਹੈ। ਇਹ ਗੱਲਾਂ ਜਦ ਸੁਣਨਗੇ ਤਾਂ ਬਹੁਤ ਆਫ਼ਰੀਨ ਦੇਣਗੇ ਕਿ ਬਰੋਬਰ ਇਨ੍ਹਾਂ ਨੂੰ ਤੇ ਪੜ੍ਹਾਉਣ ਵਾਲਾ ਉਹ ਪਰਮਾਤਮਾ ਹੈ। ਤੁਹਾਨੂੰ ਤੇ ਸਭ ਨੂੰ ਪੜ੍ਹਾਉਣਾ ਹੈ। ਭਾਵੇਂ ਕ੍ਰਿਸ਼ਚਨ ਲੋਕ ਅੰਗਰੇਜ਼ੀ ਜਾਨਣ ਵਾਲੇ ਹਨ, ਤੁਸੀਂ ਹਿੰਦੀ ਵਿੱਚ

ਬੋਲੋ, ਫਿਰ ਇੰਟ੍ਰਪ੍ਰੇਟਰ ਇੰਗਲਿਸ਼ ਵਿੱਚ ਟਰਾਂਸਲੇਟ ਕਰ ਸੁਣਾਉਂਦਾ ਜਾਵੇਗਾ। ਉਨ੍ਹਾਂ ਦੇ ਕੋਲ ਇੰਟ੍ਰਪ੍ਰੇਟਰ ( ਅਨੁਵਾਦ ਕਰਨ ਵਾਲੇ ) ਹੁੰਦੇ ਹਨ। ਬਾਪ ਦਾ ਪਰਿਚੈ ਤੇ ਦੇਣਾ ਹੈ। ਜਿਵੇਂ ਬਾਪ ਦੁੱਖਹਰਤਾ, ਸੁਖ ਕਰਤਾ ਹੈ, ਉਵੇਂ ਤੁਸੀਂ ਬੱਚਿਆਂ ਨੂੰ ਵੀ ਬਣਨਾ ਹੈ। ਹਰ ਇੱਕ ਨੂੰ ਰਾਹ ਦੱਸਣਾ ਹੈ। ਹੋਰਾਂ ਨੂੰ ਵੀ ਸੁਖਦਾਈ ਬਨਾਉਣਾ ਹੈ - ਇਹ ਤੁਸੀਂ ਬੱਚਿਆਂ ਦਾ ਫ਼ਰਜ਼ ਹੈ। ਤੁਸੀਂ ਖੁਦ ਬਾਪ ਤੋਂ ਇਤਨਾ ਵਰਸਾ ਲੈ ਰਹੇ ਹੋ ਤਾਂ ਫਿਰ ਹੋਰਾਂ ਨੂੰ ਵੀ ਦੇਣਾ ਪਵੇ। ਇਹ ਹੈ ਮਹਾਦਾਨ। ਇਹ ਇੱਕ - ਇੱਕ ਵ੍ਰਸ਼ਨਜ ਲੱਖਾਂ ਰੁਪਈਆ ਦਾ ਹੈ। ਸ਼ਾਸਤਰਾਂ ਦੇ ਵ੍ਰਸ਼ਨਜ ਜੇਕਰ ਲੱਖਾਂ ਰੁਪਈਆਂ ਦੇ ਹੁੰਦੇ ਤਾਂ ਫਿਰ ਭਾਰਤ ਇੰਨਾਂ ਕੰਗਾਲ ਕਿਓਂ ਹੁੰਦਾ?

ਤਾਂ ਤੁਸੀਂ ਬੱਚਿਆਂ ਨੂੰ ਸਮਝਾਉਣਾ ਹੈ, ਬਾਪ ਦਾ ਪਰਿਚੈ ਦੇਣਾ ਹੈ, ਉਹ ਵੀ ਪਰਮ ਆਤਮਾ ਹੈ। ਰੂਪ ਵੀ ਹੈ, ਬਸੰਤ ਵੀ ਹੈ। ਪ੍ਰੰਤੂ ਅਵਿਨਾਸ਼ੀ ਗਿਆਨ ਰਤਨਾ ਦੀ ਬਾਰਿਸ਼ ਕਿਵੇਂ ਕਰਨ? ਜਰੂਰ ਸ਼ਰੀਰ ਚਾਹੀਦਾ ਹੈ। ਤਾਂ ਬਾਪ ਆਕੇ ਤੁਸੀਂ ਬੱਚਿਆਂ ਨੂੰ ਮਤਲਬ ਤੁਹਾਡੀ ਆਤਮਾ ਨੂੰ ਰੂਪ - ਬਸੰਤ ਬਣਾਉਂਦੇ ਹਨ। ਅਵਿਨਾਸ਼ੀ ਗਿਆਨ ਰਤਨਾ ਦੀ ਧਾਰਨਾ ਕਰਨੀ ਹੈ। ਮੂੰਹ ਦਵਾਰਾ ਇਹ ਗਿਆਨ ਦੇਣਾ ਚਾਹੀਦਾ ਹੈ, ਜਿਨ੍ਹਾਂ ਰਤਨਾ ਦਾ ਕੋਈ ਮੁੱਲ ਨਹੀਂ ਕਰ ਸਕਦਾ। ਉਸ ਤੇ ਵੀ ਇੱਕ ਕਹਾਣੀ ਹੈ। ਤਾਂ ਇਹ ਧਾਰਨਾ ਕਰਨੀ ਚਾਹੀਦੀ ਹੈ। ਕਹਿੰਦੇ ਹਨ ਨਾ ਸ਼ਿਵਬਾਬਾ ਬਮ - ਬਮ ਭੋਲਾਨਾਥ ਭਰ ਦੇ ਝੋਲੀ। ਇਹ ਅਵਿਨਾਸ਼ੀ ਗਿਆਨ ਰਤਨਾ ਨਾਲ ਝੋਲੀ ਭਰਨੀ ਹੈ। ਫਿਰ ਉਥੇ ਤੇ ਤੁਹਾਡੇ ਮਹਿਲ ਹੀਰੇ ਜਵਾਹਰਾ ਦੇ ਬਣ ਜਾਣਗੇ। ਤਾਂ ਇਹ ਹਰ ਇੱਕ ਨੂੰ ਸਮਝਾਉਣਾ ਹੈ। ਜਿੱਥੇ ਬਾਪ ਰਹਿੰਦੇ ਹਨ ਉਹ ਹੈ ਨਿਰਵਾਣਧਾਮ ਅਤੇ ਮੁਕਤੀਧਾਮ। ਬੁੱਧ ਆਦਿ ਦੇ ਲਈ ਕਹਿੰਦੇ ਹਨ ਪਾਰ ਨਿਰਵਾਣ ਗਿਆ। ਤਾਂ ਉਹ ਸਭ ਦਾ ਹੋਮ ( ਘਰ ) ਹੋਇਆ ਨਾ। ਉਹ ਬਾਪ ਦਾ ਵੀ ਹੋਮ ਹੈ। ਬਾਪ ਹੁਣ ਆਏ ਹਨ ਸਭ ਨੂੰ ਲੈ ਜਾਣ ਦੇ ਲਈ। ਅਥਾਹ ਧਨ ਦੇ ਰਹੇ ਹਨ। ਤਾਂ ਬਾਪ ਦਾ ਪਰਿਚੈ ਤੁਸੀਂ ਨਹੀਂ ਦਵੋਗੇ ਤਾਂ ਕੌਣ ਦਵੇਗਾ? ਬਾਪ ਕਹਿੰਦੇ ਹਨ ਇਹ ਸਭ ਦੇਹ ਦੇ ਧਰਮ ਹਨ ਕਿ ਮੈਂ ਕ੍ਰਿਸ਼ਚਨ ਹਾਂ, ਫਲਾਣਾ ਹਾਂ... ਇਹ ਸਭ ਛੱਡ ਹੁਣ ਮੈਨੂੰ ਬਾਪ ਨੂੰ ਯਾਦ ਕਰੋ। ਜਿਸ ਨੂੰ ਤੁਸੀ ਭਗਤੀ ਮਾਰਗ ਵਿੱਚ ਯਾਦ ਕਰਦੇ ਆਏ ਹੋ। ਗਾਇਆ ਵੀ ਜਾਂਦਾ ਹੈ ਅੰਤ ਮਤੀ ਸੋ ਗਤੀ। ਗ੍ਰੰਥ ਵਿੱਚ ਵੀ ਹੈ ਨਾ - ਅੰਤ ਕਾਲ ਜੋ ਇਸਤਰੀ ਸਿਮਰੇ... ਹੁਣ ਕੂਕਰ, ਸੂਕਰ ਤਾਂ ਬਣ ਨਹੀਂ ਸਕਦੇ। ਫਿਰ ਵੀ ਜਨਮ ਤੇ ਮਿਲਦਾ ਹੈ ਨਾ। ਇੱਥੇ ਬਾਪ ਕਹਿੰਦੇ ਹਨ - ਦੇਹੀ ਅਭਿਮਾਨੀ ਬਣੋ, ਮੈਨੂੰ ਯਾਦ ਕਰੋ। ਤੁਸੀਂ ਆਪਣੇ ਬਾਪ ਨੂੰ ਅਤੇ ਘਰ ਨੂੰ ਭੁੱਲ ਗਏ ਹੋ। ਹੁਣ ਨਾਟਕ ਪੂਰਾ ਹੁੰਦਾ ਹੈ ਫਿਰ ਰਪੀਟ ਹੋਣਾ ਹੈ। ਇਸਲਾਮੀ, ਬੋਧੀ, ਕ੍ਰਿਸ਼ਚਨ ਸਭ ਆਪਣਾ ਪਾਰਟ ਰਪੀਟ ਕਰਦੇ ਆਏ ਹਨ। ਇਹ ਡਰਾਮਾ ਅਨੇਕ ਵਾਰ ਰਪੀਟ ਹੁੰਦਾ ਆਇਆ ਹੈ। ਇਸ ਦਾ ਕੋਈ ਆਦਿ ਅੰਤ ਨਹੀਂ। ਡਰਾਮੇ ਦਾ ਆਦਿ ਅੰਤ ਤੇ ਹੈ। ਫਿਰ - ਫਿਰ ਰਪੀਟ ਹੁੰਦਾ ਰਹਿੰਦਾ ਹੈ, ਆਟੋਮੈਟਿਕਲੀ। ਇਹ ਗੱਲਾਂ ਜਿਨ੍ਹਾਂ ਦੀਆਂ ਸਮਝੀਆਂ ਹੋਈਆਂ ਹਨ ਉਨ੍ਹਾਂ ਨੂੰ ਹੋਰਾਂ ਸਮਝਾਉਣਾ ਪਵੇ ਕਿ ਆਕੇ ਬਾਪ ਨੂੰ ਜਾਣੋ। ਬਾਪ ਨੂੰ ਨਾ ਜਾਨਣ ਦੇ ਕਾਰਣ ਮਨੁੱਖ ਆਰਫਨ ਬਣ ਗਏ ਹਨ। ਹੁਣ ਸਮਝੋ ਪੋਪ ਕਹਿੰਦੇ ਹਨ ਕਿ ਲੜਾਈ ਨਾ ਕਰੋ ਤਾਂ ਵੀ ਉਹ ਮੰਨਣਗੇ ਥੋੜੀ ਨਾ। ਕ੍ਰਿਸ਼ਚਨ ਲੋਕਾਂ ਦਾ ਵੱਡਾ ਹੈ ਪੋਪ। ਸਭ ਦਾ ਗੁਰੂ ਹੈ। ਫਿਰ ਗੁਰੂ ਦੀ ਮਤ ਤੇ ਕਿਓਂ ਨਹੀਂ ਚਲਦੇ? ਇਹ ਕਿਸੇ ਦੀ ਵੀ ਗੱਲ ਮੰਨਣ ਵਾਲੇ ਨਹੀ ਹਨ। ਬਾਪ ਹੀ ਆਕੇ ਮਤ ਦਿੰਦੇ ਹਨ ਤਾਂ ਸਭ ਨੂੰ ਸਮਝਾਉਣਾ ਹੈ। ਹੌਲੀ - ਹੌਲੀ ਸਭ ਧਰਮ ਵਾਲੇ ਸਮਝਣਗੇ। ਪਹਿਲੇ ਤੁਸੀਂ ਸਿਰਫ ਸਿੰਧੀ ਸੀ, ਹੁਣ ਸਭ ਆਉਣ ਲੱਗੇ ਹਨ। ਕ੍ਰਿਸ਼ਚਨਜ਼ ਨੂੰ ਵੀ ਬਾਪ ਦਾ ਪਰਿਚੈ ਦੇਣਾ ਚਾਹੀਦਾ ਹੈ। ਜਿਸ ਨਾਲ ਉਹ ਵੀ ਬਾਪ ਤੋਂ ਵਰਸਾ ਲੈਣ ਦੇ ਹੱਕਦਾਰ ਬਣਨ। ਇਸ ਵਿੱਚ ਥਕਣਾ ਨਹੀਂ ਚਾਹੀਦਾ। ਇਹ ਪ੍ਰਦਰਸ਼ਨੀ ਤੇ ਬਹੁਤ ਜੋਰ ਨਾਲ ਚੱਲੇਗੀ। ਸਰਵਿਸੇਬੁਲ ਬੱਚਿਆਂ ਦੇ ਉੱਪਰ ਸਰਵਿਸ ਦੀ ਬੜੀ ਜਿੰਮੇਵਾਰੀ ਹੈ। ਉਹ ਹੀ ਦਿਲ ਤੇ ਚੜਨ ਗੇ ਅਤੇ ਫਿਰ ਤਖ਼ਤ ਤੇ ਸਵਾਰ ਹੋਣਗੇ। ਮਹਾਦਾਨੀ ਬਣਨਾ ਹੈ ਅਤੇ ਫਿਰ ਯਾਦ ਕਰਨਾ ਹੈ ਬਾਪ ਨੂੰ। ਇਹ ਇੰਸ਼ਿਓਰ ਕਰਦੇ ਹਨ ਦੂਜੇ ਜਨਮ ਲਈ। ਈਸ਼ਵਰ ਅਰਥ ਜਾਂ ਕ੍ਰਿਸ਼ਨ ਅਰਥ ਦਾਨ ਕਰਦੇ ਹਨ। ਅਸਲ ਵਿੱਚ ਕ੍ਰਿਸ਼ਨ ਤੇ ਹੈ ਹੀ ਸਾਹੂਕਾਰ, ਉਨ੍ਹਾਂ ਦਾ ਤੇ ਦਾਨ ਲਿਆ ਹੋਇਆ ਹੈ, ਬਾਪ ਤੋਂ ਵਰਸਾ ਲਿਆ ਹੋਇਆ ਹੈ। ਸਵਰਗ ਦਾ ਪ੍ਰਿੰਸ ਬਣਿਆ ਤਾਂ ਸਵਰਗ ਸਥਾਪਨ ਕਰਨ ਵਾਲੇ ਤੋਂ ਵਰਸਾ ਲਿਆ ਨਾ। ਪ੍ਰੰਤੂ ਕਿਵੇਂ ਲਿਆ? ਇਹ ਕਿਸੇ ਦੀ ਬੁੱਧੀ ਵਿੱਚ ਨਹੀਂ ਬੈਠਦਾ। ਬਾਪ ਨੇ ਹੀ ਕ੍ਰਿਸ਼ਨ ਨੂੰ ਵਰਸਾ ਦਿੱਤਾ। ਵਰਸੇ ਨੂੰ ਹੀ ਦਾਨ ਵੀ ਕਿਹਾ ਜਾਂਦਾ ਹੈ। ਕੰਨਿਆ ਦਾਨ ਕਰਦੇ ਹਨ ਨਾ। ਹੁਣ ਬਾਪ ਕਹਿੰਦੇ ਹਨ ਤੁਹਾਨੂੰ ਅਵਿਨਾਸ਼ੀ ਗਿਆਨ ਰਤਨਾ ਦਾ ਦਾਨ ਕਰਨ ਆਇਆ ਹਾਂ, ਇਸ ਦੇ ਲਈ ਪ੍ਰਬੰਧ ਰਚਨਾ ਪਵੇ। ਭਾਵੇਂ ਖਰਚਾ ਹੋਵੇ, ਹਰਜਾ ਨਹੀਂ। ਸਾਡੇ ਕੋਲ ਬੱਚਿਆਂ ਨੇ ਸਾਖਸ਼ਾਤਕਾਰ ਤੇ ਕੀਤਾ ਹੈ। ਇਬ੍ਰਹਿਮ, ਬੁੱਧ, ਕਰਾਈਸਟ ਆਦਿ ਸਭ ਵੱਡੇ - ਵੱਡੇ ਅੰਤ ਵਿਚ ਆਉਂਦੇ ਹਨ। ਜਰੂਰ ਸੁਣਨ ਗੇ ਤਾਂ ਤੇ ਪਦਵੀ ਪਾਉਣਗੇ ਨਾ। ਬੱਚਿਆਂ ਨੂੰ ਤੇ ਖੁਸ਼ ਹੋਣਾ ਚਾਹੀਦਾ ਹੈ। ਕ੍ਰਿਸ਼ਚਨਜ਼ ਦਾ ਭਾਰਤ ਨਾਲ ਕੁਨੈਕਸ਼ਨ ਬਹੁਤ ਹੈ। ਰਾਜਾਈ ਵੀ ਲੀਤੀ ਫਿਰ ਰਿਟਰਨ ਵੀ ਕਰ ਰਹੇ ਹਨ। ਉਨ੍ਹਾਂ ਨੂੰ ਤੇ ਭਾਰਤ ਦੀ ਬਹੁਤ ਸੰਭਾਲ ਕਰਨੀ ਹੈ। ਜੇਕਰ ਭਾਰਤ ਤੇ ਕੋਈ ਚੜਾਈ ਕਰ ਲਵੇ ਤਾਂ ਸਭ ਪੈਸੇ ਖਤਮ ਹੋ ਜਾਣ। ਉਨ੍ਹਾਂ ਦੇ ਪੈਸੇ ਤਾਂ ਬਹੁਤ ਦਿੱਤੇ ਹੋਏ ਹਨ। ਸਾਰੀ ਰਕਮ ਹੀ ਖਲਾਸ ਹੋ ਜਾਵੇ ਇਸਲਈ ਹਰ ਤਰ੍ਹਾਂ ਨਾਲ ਕੋਸ਼ਿਸ਼ ਕਰਨਗੇ ਭਾਰਤ ਨੂੰ ਬਚਾਉਣ ਦੀ। ਇਨ੍ਹਾਂ ਨੂੰ ਮਦਦ ਤੇ ਚਾਹੀਦੀ ਹੈ ਜਰੂਰ ਅਤੇ ਰਿਟਰਨ ਵੀ ਚਾਹੀਦੀ ਹੈ। ਉਨ੍ਹਾਂ ਨੇ ਤਾਂ ਸੰਭਾਲ ਕਰਨੀ ਹੀ ਹੈ। ਬਾਬਾ ਜਾਣਦੇ ਹਨ ਭਾਰਤ ਗਰੀਬ ਹੈ ਤਾਂ ਉੱਥੇ ਤੋਂ ਵੀ ਮਦਦ ਕਰਵਾਉਂਦੇ ਹਨ ਅਤੇ ਖੁਦ ਵੀ ਆਕੇ ਮਦਦ ਦੇ ਰਹੇ ਹਨ। ਹੁਣ ਉਹ ਮਦਦ ਦਿੰਦੇ ਹਨ ਅਤੇ ਭਵਿੱਖ ਦੇ ਲਈ ਫਿਰ ਬਾਪ ਮਦਦ ਦਿੰਦੇ ਹਨ। ਤਾਂ ਬਹੁਤ ਚੰਗਾ ਇੱਕ ਮੰਡਪ ਬਣਾ ਕੇ ਉੱਥੇ ਸਭ ਕ੍ਰਿਸ਼ਚਨਜ਼ ਨੂੰ ਨਿਮੰਤਰਣ ਦੇਣਾ ਹੈ। ਕਿੰਨੇ ਚੰਗੇ - ਚੰਗੇ ਚਿੱਤਰ ਹਨ, ਇਨ੍ਹਾਂ ਵਿਚ ਸਾਰੀ ਨਾਲੇਜ਼ ਹੈ। ਦਿਨ ਪ੍ਰਤੀਦਿਨ ਬੁੱਧੀ ਦਾ ਤਾਲਾ ਖੁਲਦਾ ਜਾਵੇਗਾ।

ਤੁਸੀਂ ਜਾਣਦੇ ਹੋ ਛੋਟੀ ਆਤਮਾ ਵਿੱਚ ਕਿੰਨਾਂ ਭਾਰੀ ਪਾਰਟ ਭਰਿਆ ਹੋਇਆ ਹੈ। ਸਾਇੰਸਦਾਨ ਵੀ ਇਸ ਗੱਲ ਤੇ ਬੜਾ ਵੰਡਰ ਖਾਣਗੇ। ਸਾਇੰਸਦਾਨ ਸਮਝਦੇ ਹਨ ਕੋਈ ਸਾਨੂੰ ਪ੍ਰੇਰਦਾ ਹੈ। ਵਿਨਾਸ਼ ਤੇ ਹੋਣਾ ਹੈ ਜਰੂਰ। ਇਹ ਡਰਾਮੇ ਵਿੱਚ ਨੂੰਧ ਹੈ। ਸ਼ੰਕਰ ਦੀ ਕੋਈ ਗੱਲ ਨਹੀਂ, ਇਹ ਤਾਂ ਨਿਮਿਤ ਕਰਕੇ ਨਾਮ ਰੱਖਿਆ ਹੈ। ਨੈਚੁਰਲ ਕਲੇਮਟੀਜ ਵੀ ਹੋਣੀ ਹੈ। ਇਹ ਗੱਲਾਂ ਸੁਣਨ ਨਾਲ ਉਹ ਬੜੇ ਖੁਸ਼ ਹੋਣਗੇ,

ਤੁਹਾਨੂੰ ਬਹੁਤ ਥੇਂਕਸ ਦੇਣਗੇ। ਬਹੁਤ ਫ਼ਾਰਨਰਜ ਆਉਣਗੇ। ਘਰ ਬੈਠੇ ਆਉਂਦੇ ਹਨ ਤਾਂ ਦਾਨ ਜਰੂਰ ਦੇਣਾ ਹੈ। ਆਪਣੇ ਲਈ ਤਾਂ ਇਸ ਸਮੇਂ ਸਭ ਆਰਫਨ, ਕੰਗਾਲ ਹਨ। ਸਾਰੀ ਦੁਨੀਆ ਛੋਰੇ ਅਤੇ ਛੋਰੀਆਂ ਹਨ ਕਿਉਂਕਿ ਫਾਦਰ - ਮਦਰ ਦਾ ਹੀ ਪਰਿਚੈ ਨਹੀਂ ਹੈ। ਤਾਂ ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਤਾਂ ਬੱਚਿਆਂ ਨੂੰ ਸਰਵਿਸ ਦਾ ਵੀ ਨਸ਼ਾ ਹੋਣਾ ਚਾਹੀਦਾ ਹੈ। ਤਾਰ ਵੀ ਦੇਣਗੇ ਕਿ ਆਕੇ ਸਮਝੋ, ਬਾਪ ਆਏ ਹੋਏ ਹਨ ਸਭ ਆਤਮਾਵਾਂ ਨੂੰ ਲੈ ਜਾਣ। ਫਿਰ ਅਸੀ ਸੁਖਧਾਮ ਵਿੱਚ ਆਵਾਂਗੇ। ਅੱਧਾਕਲਪ ਪੁਜਾਰੀ ਬਣ ਬਾਪ ਨੂੰ ਯਾਦ ਕੀਤਾ ਹੈ। ਹੁਣ ਫਿਰ ਪੂਜੀਏ ਬਣਨਾ ਹੈ। ਤਾਂ ਖੁਸ਼ੀ ਵਿੱਚ ਖਗੀਆਂ ਮਾਰਨੀਆਂ ਚਾਹੀਦੀਆਂ ਹਨ। ਖੁਸ਼ੀ ਨਾ ਹੋਣ ਤੇ ਫਿਰ ਰੋਂਦੇ ਰਹਿੰਦੇ। ਜੋ ਰੋਂਦੇ ਹਨ ਸੋ ਖੋਂਦੇ ਹਨ। ਹਾਂ, ਅਜਿਹੇ ਸੁਖ ਦੇਣ ਵਾਲੇ ਬਾਪ ਦੀ ਯਾਦ ਵਿੱਚ ਪ੍ਰੇਮ ਦੇ ਅੱਥਰੂ ਆਉਣ ਤਾਂ ਉਹ ਮਾਲਾ ਦੇ ਦਾਣੇ ਹਨ। ਬਾਪ ਦੀ ਸ਼੍ਰੀਮਤ ਨਾਲ ਸ੍ਰੇਸ਼ਠ ਬਣਨਗੇ। ਇਹ ਬਾਪ ਵੀ ਕਹਿੰਦੇ ਹਨ ਕਦਮ - ਕਦਮ ਤੇ ਸ਼ਿਵਬਾਬਾ ਦੀ ਮਤ ਤੇ ਚਲਣਾ ਹੈ। ਸ਼੍ਰੀਮਤ ਹੀ ਸ੍ਰੇਸ਼ਠ ਹੈ। ਬੜੀ ਉੱਚੀ ਪੜਾਈ ਹੈ। ਤੀਰਥਾਂ ਤੇ ਮਨੁੱਖ ਜਾਂਦੇ ਹਨ, ਬਹੁਤ ਕਠਨਾਈਆਂ ਸਾਮ੍ਹਣੇ ਆਉਂਦੀਆਂ ਹਨ। ਪਹਿਲੇ ਤਾਂ ਪੈਦਲ ਜਾਂਦੇ ਸਨ, ਹੁਣ ਗੌਰਮਿੰਟ ਨੇ ਸਹਿਜ ਕਰ ਦਿੱਤਾ ਹੈ। ਤਾਂ ਬਾਪ ਸਮਝਾਉਂਦੇ ਹਨ ਕਦਮ - ਕਦਮ ਤੇ ਸ਼੍ਰੀਮਤ ਤੇ ਚਲਣਾ ਹੈ। ਸਾਵਧਾਨੀ ਨਾਲ ਚੜਨ ਤਾਂ ਚੱਖਣ ਪ੍ਰੇਮ ਰਸ, ਡਿੱਗਣ ਤਾਂ ਚਕਨਾਚੂਰ। ਕਦਮ - ਕਦਮ ਤੇ ਰਾਏ ਲੈਣੀ ਹੈ। ਚਿੱਠੀ ਲਿਖਣ ਸ਼ਿਵਬਾਬਾ ਥਰੂ ਬ੍ਰਹਮਾ ਅਤੇ ਬ੍ਰਹਮਾਕੁਮਾਰੀਆਂ, ਤਾਂ ਸ਼ਿਵਬਾਬਾ ਯਾਦ ਪਵੇਗਾ। ਪ੍ਰੰਤੂ ਬਹੁਤ ਬੱਚੇ ਲਿਖਣ ਵਿਚ ਭੁੱਲ ਜਾਂਦੇ ਹਨ। ਇੱਕ ਦਿਨ ਸਭ ਦੀ ਬੁੱਧੀ ਦਾ ਤਾਲਾ ਜਰੂਰ ਖੁੱਲਣ ਦਾ ਹੈ। ਬੱਚਿਆਂ ਨੂੰ ਸਰਵਿਸ ਦਾ ਬਹੁਤ ਸ਼ੌਕ ਚਾਹੀਦਾ ਹੈ। ਸਰਵਿਸ ਬਹੁਤ ਕਰਨੀ ਹੈ। ਇਹ ਵੀ ਡਰਾਮੇ ਵਿੱਚ ਨੂੰਧ ਹੈ। ਖਰਚਾ ਆਪੇ ਹੀ ਆਵੇਗਾ। ਅਨਾਨਾਸ ਹੀ ਸਭ ਕੁਝ ਹੁੰਦਾ ਜਾਵੇਗਾ। ਬਾਪ ਕਹਿੰਦੇ ਹਨ। ਤੁਹਾਨੂੰ ਤਿੰਨ ਪੈਰ ਪ੍ਰਥੀਵੀ ਦਾ ਮਿਲਣਾ ਵੀ ਮੁਸ਼ਕਿਲ ਹੈ। ਫਿਰ ਵੀ ਤੁਸੀਂ ਕਲਪ ਪਹਿਲੇ ਭਾਰਤ ਨੂੰ ਸਵਰਗ ਬਣਾਇਆ ਹੀ ਹੈ।

ਚੰਗਾ ਸਮਝਾਉਂਦੇ ਤਾਂ ਬਹੁਤ ਹਨ, ਧਾਰਨਾ ਵੀ ਹੋਵੇ। ਜਿਆਦਾ ਭਾਰੀ ਮਾਲ ਖਾਣ ਤੇ ਫਿਰ ਹਜਮ ਨਹੀਂ ਹੁੰਦਾ ਹੈ। ਪ੍ਰਦਰਸ਼ਨੀ ਵਿਚ ਭਾਵੇਂ ਆਉਂਦੇ ਤਾਂ ਬਹੁਤ ਹਨ ਪ੍ਰੰਤੂ ਇੱਕ ਨੂੰ ਵੀ ਇਹ ਨਿਸ਼ਚੇ ਨਹੀਂ ਬੈਠਦਾ ਹੈ ਕਿ ਇਨ੍ਹਾਂ ਨੂੰ ਪੜਾਉਣ ਵਾਲਾ ਅਤੇ ਰਾਜਯੋਗ ਸਿਖਾਉਣ ਵਾਲਾ ਬਾਪ ਹੈ। ਪਹਿਲੇ - ਪਹਿਲੇ ਇਹ ਨਿਸ਼ਚੇ ਬਿਠਾਉਣਾ ਹੈ। ਤੁਸੀਂ ਸਮਝਾ ਸਕਦੇ ਹੋ ਇਹ ਹੈ ਪ੍ਰਜਾਪਿਤਾ ਬ੍ਰਹਮਾਕੁਮਾਰ ਕੁਮਾਰੀਆਂ। ਰਚਿਯਤਾ ਤਾਂ ਇੱਕ ਹੀ ਪਰਮਪਿਤਾ ਪਰਮਾਤਮਾ ਹੈ। ਬਾਪ ਤੋਂ ਹੀ ਵਰਸਾ ਮਿਲਣਾ ਹੈ। ਬਾਪ ਦਾ ਜਦੋਂ ਤੱਕ ਬੱਚਾ ਨਾ ਬਣੇ ਤਾਂ ਵਰਸਾ ਮਿਲ ਨਹੀਂ ਸਕਦਾ। ਭਗਤਾਂ ਨੂੰ ਫਲ ਦੇਣ ਵਾਲਾ ਹੈ ਬਾਪ। ਇਤਨੇ ਸਭ ਬ੍ਰਹਮਾਕੁਮਾਰ - ਕੁਮਾਰੀਆਂ ਹਨ। ਪ੍ਰਜਾਪਿਤਾ ਬ੍ਰਹਮਾ ਨੂੰ ਵੀ ਕ੍ਰੀਏਟਰ ਕਹਿੰਦੇ ਹਨ। ਹੁਣ ਰਚਨਾ ਹੁੰਦੀ ਹੈ ਦੁਨੀਆ ਦੀ। ਭਗਵਾਨੁਵਾਚ ਮੈਂ ਤੁਹਾਨੂੰ ਰਾਜਯੋਗ ਸਿਖਾਉਂਦਾ ਹਾਂ। ਅੱਛਾ !

ਮਿੱਠੇ- ਮਿੱਠੇ ਲੱਕੀ ਸਿਤਾਰਿਆਂ ਪ੍ਰਤੀ ਗਿਆਨ ਸੂਰਜ, ਗਿਆਨ ਚੰਦ੍ਰਮਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਦੇ ਦਿਲ ਤਖ਼ਤ ਤੇ ਬੈਠਣ ਦੇ ਲਈ ਸਰਵਿਸ ਦੀ ਜਵਾਬਦਾਰੀ ਲੈਣੀ ਹੈ। ਮਹਾਦਾਨੀ ਜਰੂਰ ਬਣਨਾ ਹੈ। ਗਿਆਨ ਦਾਨ ਕਰਨ ਵਿੱਚ ਕੁਝ ਖਰਚਾ ਹੋਵੇ ਤਾਂ ਹਰਜ ਨਹੀਂ।

2. ਉੱਚੀ ਚੜਾਈ ਹੈ ਇਸ ਲਈ ਬਹੁਤ ਸਾਵਧਾਨੀ ਨਾਲ ਚਲਣਾ ਹੈ। ਕਦਮ - ਕਦਮ ਤੇ ਸ਼੍ਰੀਮਤ ਲੈਂਦੇ ਰਹਿਣਾ ਹੈ।

ਵਰਦਾਨ:- ਲਗਨ ਦੀ ਅਗਨੀ ਵਿੱਚ ਸਭ ਚਿੰਤਾਵਾਂ ਨੂੰ ਖਤਮ ਕਰਨ ਵਾਲੇ ਨਿਸ਼ਚੇਬੁੱਧੀ ਨਿਸ਼ਚਿੰਤ ਭਵ

ਜੋ ਬੱਚੇ ਨਿਸ਼ਚੇਬੁੱਧੀ ਹਨ ਉਹ ਸਾਰੀਆਂ ਗੱਲਾਂ ਵਿਚ ਨਿਸ਼ਚਿੰਤ ਰਹਿੰਦੇ ਹਨ। ਚਿੰਤਾਵਾਂ ਸਭ ਮਿਟ ਗਈਆਂ। ਬਾਪ ਨੇ ਚਿੰਤਾਵਾਂ ਦੀ ਚਿਤਾ ਤੋਂ ਉਠਕੇ ਦਿਲਤਖ਼ਤ ਤੇ ਬਿਠਾ ਦਿੱਤਾ। ਬਾਪ ਨਾਲ ਲਗਨ ਲੱਗੀ ਅਤੇ ਲਗਨ ਦੇ ਆਧਾਰ ਤੇ, ਲਗਨ ਅਗਨੀ ਵਿੱਚ ਸਭ ਚਿੰਤਾਵਾਂ ਸਮਾਪਤ ਹੋ ਗਈਆਂ, ਜਿਵੇਂ ਸਨ ਹੀ ਨਹੀਂ। ਨਾ ਤਨ ਦੀ ਚਿੰਤਾ, ਨਾ ਮਨ ਵਿਚ ਕੋਈ ਵਿਅਰਥ ਚਿੰਤਾ ਅਤੇ ਨਾ ਧਨ ਦੀ ਚਿੰਤਾ। ਕੀ ਹੋਵੇਗਾ... ਗਿਆਨ ਦੀ ਸ਼ਕਤੀ ਨਾਲ ਸਭ ਜਾਣ ਗਏ ਇਸਲਈ ਸਭ ਚਿੰਤਾਵਾਂ ਤੋਂ ਪਰੇ ਨਿਸ਼ਚਿੰਤ ਜੀਵਨ ਹੋ ਗਈ।

ਸਲੋਗਨ:- ਅਜਿਹੇ ਅਚਲ ਅਡੋਲ ਬਣੋ ਜੋ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਬੁੱਧੀ ਰੂਪੀ ਪੈਰ ਨੂੰ ਹਿਲਾ ਨਾ ਸਕੇ।

******